ਸ਼ਨਿੱਚਰਵਾਰ
9, ਜਨਵਰੀ 2010
27 ਪੋਹ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 269,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com

ਸ਼ਹਿਰ ਤੇ ਆਸ-ਪਾਸ
ਚਿਦੰਬਰਮ ਦਾ ਪੁਤਲਾ ਸਾੜਿਆ 3

ਸੰਪਾਦਕੀ
ਰਾਗੀ ਦਰਸ਼ਨ ਸਿੰਘ ਕਿਸੇ ਨਰਮੀ ਦਾ ਹੱਕਦਾਰ ਨਹੀਂ 4

ਦੇਸ਼ ਦੁਨੀਆਂ
ਸਾਧਵੀਆਂ ਨਾਲ ਬਲਾਤਕਾਰਾਂ ਦਾ ਅੱਡਾ 8

ਪ੍ਰਵਾਸੀ ਭਾਰਤੀ ਵਿਦਿਆਰਥੀਆਂ, ਮਜ਼ਦੂਰਾਂ ਦੀ ਸੁਰੱਖਿਆ ਨੂੰ ਤਰਜ਼ੀਹ-ਮਨਮੋਹਨ ਸਿੰਘ

ਵੋਟ ਪਾਉਣ ਦਾ ਮਿਲੇਗਾ ਅਧਿਕਾਰ

ਨਵੀਂ ਦਿੱਲੀ, 8 ਜਨਵਰੀ (ਵਿਸ਼ਵ ਵਾਰਤਾ)-ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀ ਵਿਦਿਆਰਥੀਆਂ ਅਤੇ ਮਜ਼ਦੂਰਾਂ ਦੀ ਸੁਰੱਖਿਆ ਸਰਕਾਰ ਦੇ ਤਰਜ਼ੀਹੀ ਮੁੱਦਿਆਂ ਵਿੱਚ ਸ਼ਾਮਿਲ ਹੈ। ਅੱਜ ਨਵੀਂ ਦਿੱਲੀ ਵਿੱਚ 8ਵੇਂ ਪ੍ਰਵਾਸੀ ਭਾਰਤੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਆਰਥਿਕ ਮੰਦੀ ਮਗਰੋਂ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਨੂੰ ਪੇਸ਼ ਆ ਰਹੀਆਂ ਔਕੜਾਂ ਤੋਂ ਸਰਕਾਰ ਪੂਰੀ ਤਰ੍ਹਾਂ ਜਾਣੂ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਨਾਲ ਪ੍ਰਵਾਸੀ ਭਾਰਤੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਕਲਿਆਣ ਨੂੰ ਯਕੀਨੀ ਬਣਾਉਣ ਲਈ ਗੱਲਬਾਤ ਕੀਤੀ ਗਈ ਹੈ। ਇਸ ਦੌਰਾਨ ਡਾ. ਮਨਮੋਹਨ ਸਿੰਘ ਨੇ ਹੋਰ ਕਿਹਾ ਕਿ ਪ੍ਰਵਾਸੀ ਭਾਰਤੀਆਂ ਨੂੰ ਭਾਰਤ ਦੀਆਂ ਚੋਣਾਂ ਵਿੱਚ ਹਿੱਸਾ ਲੈਣ ਦੀ ਵਾਜ਼ਬ ਮੰਗ ਨੂੰ ਉਹ ਸਵੀਕਾਰ ਕਰਦੇ ਹਨ। ਉਨ੍ਹਾਂ ਕਿਹਾ ਕਿ ਵਿਦੇਸ਼ ਵਿਚ ਰਹਿ ਰਹੇ ਭਾਰਤੀਆਂ ਦੀ ਦੇਸ਼ ਵਿਚ ਚੋਣਾਂ ਵਿਚ ਵੋਟਾਂ ਪਾਉਣ ਦੀ ਇੱਛਾ ਛੇਤੀ ਹੀ ਪੂਰੀ ਹੋਵੇਗੀ ਅਤੇ ਉਨ੍ਹਾਂ ਨੂੰ ਅਗਲੇ ਸਾਲ ਆਮ ਚੋਣਾਂ ਵਿਚ ਵੋਟ ਪਾਉਣ ਦਾ ਮੌਕਾ ਮਿਲ ਜਾਵੇਗਾ। ਇਸ ਸੰਮੇਲਨ ਵਿਚ ਹਿੱਸਾ ਲੈਣ ਆਏ ਲਗਪਗ 1200 ਪ੍ਰਤੀਨਿਧੀਆਂ ਨੂੰ ਮਨਮੋਹਨ ਸਿੰਘ ਨੇ ਭਰੋਸਾ ਦਿੱਤਾ ਕਿ ਹੋਰ ਦੇਸ਼ਾਂ ਵਿਚ ਰਹਿ ਰਹੇ ਭਾਰਤੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਦੇਣ ਬਾਰੇ ਉਨ੍ਹਾਂ ਦੀ ਸਰਕਾਰ ਕੰਮ ਕਰ ਰਹੀ ਹੈ ਅਤੇ ਪੂਰੀ ਆਸ ਹੈ ਕਿ ਅਗਲੇ ਨਿਯਮਿਤ ਆਮ ਚੋਣਾਂ ਤੱਕ ਉਨ੍ਹਾਂ ਨੂੰ ਇਹ ਮੌਕਾ ਮਿਲਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਇਸ ਦਿਸ਼ਾ ਵੱਲ ਕੰਮ ਕਰ ਰਹੀ ਹੈ ਤੇ ਉਹ ਆਸ ਕਰਦੇ ਹਨ ਕਿ ਆਉਂਦੀਆਂ ਆਮ ਚੋਣਾਂ ਦੌਰਾਨ ਪ੍ਰਵਾਸੀ ਭਾਰਤੀ ਵੀ ਆਪਣ ਵੋਟ ਪਾਉਣ ਦੇ ਹੱਕ ਦਾ ਇਸਤਮਾਲ ਕਰ ਸਕਣਗੇ। ਪ੍ਰਧਾਨ ਮੰਤਰੀ ਨੇ ਪ੍ਰਵਾਸੀ ਭਾਰਤੀਆਂ ਨੂੰ ਦੇਸ਼ ਵਾਪਸ ਪਰਤ ਕੇ ਸਿਆਸਤ ਅਤੇ ਹੋਰਨਾਂ ਸੇਵਾਵਾਂ ਵਿੱਚ ਹਿੱਸਾ ਲੈਣ ਦਾ ਸੱਦਾ ਵੀ ਦਿੱਤਾ।

ਉਨ੍ਹਾਂ ਕਿਹਾ ਕਿ ਦੇਸ਼ ਦੇ ਸਰਵ ਪੱਖੀ ਵਿਕਾਸ ਲਈ ਪ੍ਰਵਾਸੀ ਭਾਰਤੀਆਂ ਦਾ ਯੋਗਦਾਨ ਬਹੁਤ ਮਹੱਤਵ ਰੱਖਦਾ ਹੈ ਤੇ ਉਹ ਚਾਹੁੰਦੇ ਹਨ ਕਿ ਦੇਸ਼ ਦਾ ਹਰ ਨਾਗਰਿਕ ਵਿਕਾਸ ਵਿੱਚ ਹਿੱਸੇਦਾਰ ਬਣੇ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਲੋਕ ਰਾਜ ਉਤੇ ਪੂਰਾ ਮਾਣ ਮਹਿਸੂਸ ਕਰ ਸਕਦੇ ਹਾਂ ਪਰ ਇਹ ਨਹੀਂ ਕਹਿ ਸਕਦੇ ਕਿ ਵਿਕਾਸ ਲਈ ਅਸੀਂ ਆਪਣੇ ਪੂਰੇ ਯਤਨ ਕਰ ਲਏ ਹਨ। ਪਰ ਫਿਰ ਵੀ ਪਿਛਲੇ ਕੁੱਝ ਅਰਸੇ ਦੌਰਾਨ ਅਸੀਂ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣ ਵਿੱਚ ਕਾਮਯਾਬ ਰਹੇ ਹਾਂ ਦੇਸ਼ ਦੀ ਵੱਡੀ ਜਨਸੰਖਿਆ ਨੂੰ ਸਿੱਖਿਆ, ਸਿਹਤ ਦੀ ਸੰਭਾਲ, ਤੇ ਆਰਥਿਕ ਮੌਕੇ ਮੁਹੱਈਆ ਕਰਵਾਏ ਗਏ ਹਨ ਪਰ ਇਸ ਦਿਸ਼ਾ ਵੱਲ ਅਜੇ ਵੀ ਬਹੁਤ ਕੁੱਝ ਕੀਤਾ ਜਾਣਾ ਬਾਕੀ ਹੈ। ਇਸ ਦੌਰਾਨ ਉਨ੍ਹਾਂ ਆਸਟ੍ਰੇਲੀਆ ਵਿਚ ਭਾਰਤੀ ਵਿਦਿਆਰਥੀਆਂ 'ਤੇ ਜਾਰੀ ਹਮਲਿਆਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਵੀ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਵਿਦੇਸ਼ਾਂ ਵਿਚ ਭਾਰਤੀਆਂ ਨੂੰ ਲੋੜੀਂਦੀ ਸੁਰੱਖਿਆ ਮੁਹੱਈਆ ਕਰਾਉਣ ਦੀ ਭਰਪੂਰ ਕੋਸ਼ਿਸ਼ ਕਰੇਗੀ। ਜ਼ਿਕਰਯੋਗ ਹੈ ਕਿ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਵਸਦੇ ਭਾਰਤੀ ਮੂਲ ਦੇ ਲੋਕਾਂ ਨੂੰ ਆਪਣੇ ਦੇਸ਼ ਦੀ ਮਿੱਟੀ ਨਾਲ ਜੋੜਣ ਵਜੋਂ ਹਰ ਸਾਲ ਮਨਾਇਆ ਜਾਣ ਵਾਲਾ ਪ੍ਰਵਾਸੀ ਭਾਰਤੀ ਦਿਵਸ ਸੰਮੇਲਨ ਕੱਲ੍ਹ ਦਿੱਲੀ ਵਿਖੇ ਸ਼ੁਰੂ ਹੋਇਆ ਸੀ। ਇਸ ਸੰਮੇਲਨ ਵਿਚ ਰਾਸ਼ਟਰਪਤੀ ਸ਼੍ਰੀਮਤੀ ਪ੍ਰਤਿਭਾ ਪਾਟਿਲ 9 ਜਨਵਰੀ ਨੂੰ ਸਮਾਪਤੀ ਭਾਸ਼ਣ ਦੇਣਗੇ। ਇਸ ਤਿੰਨ ਦਿਵਸੀ ਸੰਮੇਲਨ ਦਾ ਉਦੇਸ਼ ਪ੍ਰਵਾਸੀ ਭਾਰਤੀਆਂ ਨੂੰ ਦੇਸ਼ ਵਿਚ ਨਿਵੇਸ਼ ਲਈ ਉਤਸ਼ਾਹਿਤ ਕਰਨ ਅਤੇ ਵੱਖ-ਵੱਖ ਖੇਤਰਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਦੇਸ਼ ਵਿਚ ਲਿਆਉਣਾ ਹੈ।

ਖੇਡਾਂ ਸਾਡੇ ਜੀਵਨ ਦਾ ਅਨਿਖੱੜਵਾਂ ਅੰਗ-ਬਾਦਲ

ਖੇਡ ਸਟੇਡੀਅਮ ਲਈ 15 ਲੱਖ ਦਾ ਚੈੱਕ ਦਿੱਤਾ

ਸੰਗਰੂਰ, 8 ਜਨਵਰੀ (ਅਵਤਾਰ ਸਿੰਘ ਛਾਜਲੀ)-ਇੱਥੋਂ ਥੋੜ੍ਹੀ ਦੂਰ ਵਿਧਾਨ ਸਭਾ ਹਲਕਾ ਦਿੜ੍ਹਬਾ ਦੇ ਸਟੇਡੀਅਮ ਵਿਖੇ 37ਵਾਂ ਸਵਰਗੀ ਬਚਨ ਸਿੰਘ ਯਾਦਗਾਰੀ ਅੰਤਰਰਾਸ਼ਟਰੀ ਕਬੱਡੀ ਕੱਪ 7 ਅਤੇ 8 ਅਤੇ 9 ਜਨਵਰੀ ਨੂੰ ਕਰਵਾਇਆ ਜਾ ਰਿਹਾ ਹੈ। ਅੱਜ ਦੂਸਰੇ ਦਿਨ ਕਬੱਡੀ ਕੱਪ ਦੀ ਸ਼ੁਰੂਆਤ ਸਮੇਂ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ ਅਤੇ ਪ੍ਰਧਾਨਗੀ ਸ੍ਰ. ਸੁਖਦੇਵ ਸਿੰਘ ਢੀਂਡਸਾ ਨੇ ਕੀਤੀ। ਬਿਜਲੀ ਬੋਰਡ ਦੇ ਪ੍ਰਬੰਧਕੀ ਮੈਂਬਰ ਗੁਰਬਚਨ ਸਿੰਘ ਬਚੀ ਇਸ ਅੰਤਰਾਰਾਸ਼ਟਰੀ 37ਵੇਂ ਕਬੱਡੀ ਕੱਪ ਦੇ ਸੰਚਾਲਕ ਦੇ ਤੌਰ ਤੇ ਸ਼ਾਮਲ ਹੋਏ। ਇਸ ਮੌਕੇ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇੱਕ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਕਬੱਡੀ ਟੂਰਨਾਮੈਂਟ ਸ਼ਹੀਦ ਬਚਨ ਸਿੰਘ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ।

ਇਹ ਬੜੀ ਹੀ ਯੋਗ ਗੱਲ ਹੈ, ਜਿਸ ਨਾਲ ਟੂਰਨਾਮੈਂਟ ਦੇ ਨਾਲ-ਨਾਲ ਉਨ੍ਹਾਂ ਦੀ ਯਾਦ ਨੂੰ ਵੀ ਤਾਜ਼ਾ ਕੀਤਾ ਜਾਂਦਾ ਹੈ। ਉਨ੍ਹਾਂ ਦੀ ਯਾਦ ਵਿੱਚ ਇਹ ਕਲੱਬ ਲੰਮੇ ਸਮੇਂ ਤੋਂ ਟੂਰਨਾਮੈਂਟ ਕਰਵਾ ਰਿਹਾ ਹੈ। ਇਹ ਇੱਕ ਸ਼ਲਾਘਾਯੋਗ ਕਦਮ ਹੈ।

ਮੈਚ ਫੀਸ ਨਾ ਮਿਲਣ 'ਤੇ ਹਾਕੀ ਖਿਡਾਰੀਆਂ 'ਚ ਬਗਾਵਤ

ਨਵੀਂ ਦਿੱਲੀ, 8 ਜਨਵਰੀ (ਵਿਸ਼ਵ ਵਾਰਤਾ)-ਭਾਰਤੀ ਹਾਕੀ ਟੀਮ ਦੇ ਖਿਡਾਰੀਆਂ ਨੇ ਮੈਚ ਦੀ ਬਕਾਇਆ ਫੀਸ ਨਾ ਮਿਲਣ ਤੋਂ ਨਾਰਾਜ਼ ਹੋ ਕੇ ਬਗਾਵਤ ਕਰ ਦਿੱਤੀ ਹੈ। ਇਸ ਦੌਰਾਨ ਹਾਕੀ ਟੀਮ ਦੇ ਖਿਡਾਰੀਆਂ ਨੇ ਪੁਣੇ ਦੇ ਅਭਿਆਸ ਕੈਂਪ ਵਿਚ ਚੱਲ ਰਹੀ ਪ੍ਰੈਕਟਿਸ ਬੰਦ ਕਰ ਦਿੱਤੀ ਹੈ। ਖਿਡਾਰੀਆਂ ਦਾ ਕਹਿਣਾ ਹੈ ਕਿ ਜਦੋਂ ਤੱਕ ਹਾਕੀ ਇੰਡੀਆ ਉਨ੍ਹਾਂ ਨੂੰ ਮੈਚ ਦੀ ਰਕਮ ਨਹੀਂ ਦਿੰਦੀ ਉਦੋਂ ਤੱਕ ਉਹ ਅਭਿਆਸ ਨਹੀਂ ਕਰਨਗੇ ਅਤੇ ਨਾ ਹੀ ਕੋਈ ਮੈਚ ਖੇਡਣਗੇ। ਖਿਡਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਰਜਨਟੀਨਾ ਵਿਚ ਹੋਏ ਚੈਂਪੀਅਨਸ ਚੈਲੇਂਜ ਟੂਰਨਾਮੈਂਟ ਦੀ ਫੀਸ ਨਹੀਂ ਦਿੱਤੀ ਗਈ। ਟੀਮ ਦੇ ਕਪਤਾਨ ਰਾਜਪਾਲ ਸਿੰਘ ਨੇ ਕਿਹਾ ਕਿ ਹਾਕੀ ਇੰਡੀਆ ਨੇ ਉਨ੍ਹਾਂ ਨੂੰ ਬਕਾਇਆ ਰਕਮ ਨਹੀਂ ਦਿੱਤੀ ਹੈ। ਇਸ ਲਈ ਅਸੀਂ ਇਹ ਫੈਸਲਾ ਕੀਤਾ ਹੈ ਕਿ ਸਾਡੇ ਖਿਡਾਰੀ ਮੈਦਾਨ 'ਤੇ ਨਹੀਂ ਉਤਰਨਗੇ। ਉਨ੍ਹਾਂ ਕਿਹਾ ਕਿ ਅਸੀਂ ਇਸ ਸਬੰਧੀ ਜਾਣਕਾਰੀ ਹਾਕੀ ਇੰਡੀਆ ਦੇ ਪ੍ਰਧਾਨ ਅਸ਼ੋਕ ਕੁਮਾਰ ਮੱਟੂ ਨੂੰ ਦੇ ਦਿੱਤੀ ਹੈ।

ਰਾਠੌਰ ਦੀ ਜ਼ਮਾਨਤ ਰਿੱਟ ਰੱਦ, ਗ੍ਰਿਫਤਾਰੀ ਜਲਦੀ

ਚੰਡੀਗੜ੍ਹ, 8 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ)-ਰੁਚਿਤਾ ਗਿਰਹੋਤਰਾ ਛੇੜਛਾੜ ਮਾਮਲੇ ਵਿਚ ਦੋਸ਼ੀ ਹਰਿਆਣਾ ਦੇ ਸਾਬਕਾ ਪੁਲਿਸ ਮੁਖੀ ਐਸ.ਪੀ.ਐਸ. ਰਾਠੌਰ 'ਤੇ ਲਗਾਤਾਰ ਕਾਨੂੰਨ ਦਾ ਸ਼ਿਕੰਜਾ ਕਸਦਾ ਹੀ ਜਾ ਰਿਹਾ ਹੈ। ਪੰਚਕੂਲ ਦੀ ਸਥਾਨਕ ਅਦਾਲਤ ਨੇ ਅੱਜ ਰਾਠੌਰ ਦੀ ਜ਼ਮਾਨਤ ਪਟੀਸ਼ਨ ਖਾਰਿਜ ਕਰ ਦਿੱਤੀ ਹੈ। ਇਸ ਦੇ ਨਾਲ ਹੀ ਰਾਠੌਰ ਦੀ ਗ੍ਰਿਫਤਾਰੀ ਦਾ ਰਸਤਾ ਵੀ ਸਾਫ ਹੋ ਗਿਆ ਹੈ। ਰਾਠੌਰ ਨੇ ਆਪਣੇ ਖਿਲਾਫ ਦੋ ਨਵੇਂ ਮਾਮਲੇ ਦਰਜ ਹੋਣ ਤੋਂ ਬਾਅਦ ਅੰਤਰਿਮ ਜ਼ਮਾਨਤ ਲਈ ਅਰਜੀ ਦਿੱਤੀ ਸੀ। ਇਸ ਦੌਰਾਨ ਮੰਨਿਆ ਜਾ ਰਿਹਾ ਹੈ ਕਿ ਹੁਣ ਰਾਠੌਰ ਨੂੰ ਕਿਸੇ ਵੀ ਸਮੇਂ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਹਾਲਾਂਕਿ ਗ੍ਰਿਫਤਾਰੀ ਤੋਂ ਬਚਣ ਲਈ ਰਾਠੌਰ ਹਾਈਕੋਰਟ ਦਾ ਦਰਵਾਜ਼ਾ ਖੜ੍ਹਕਾ ਸਕਦੇ ਹਨ। ਇਸ ਤੋਂ ਪਹਿਲਾਂ ਕੱਲ੍ਹ ਰਾਠੌਰ ਦੀ ਜ਼ਮਾਨਤ ਪਟੀਸ਼ਨ 'ਤੇ ਇਥੋਂ ਦੇ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਸੰਜੀਵ ਜਿੰਦਲ ਨੇ ਅੱਜ ਤੱਕ ਲਈ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਇਸ ਦੌਰਾਨ ਰੁਚਿਕਾ ਪਰਿਵਾਰ ਦੇ ਵਕੀਲ ਪੰਕਜ ਭਰਦਵਾਜ ਨੇ ਰਾਠੌਰ ਦੀ ਗ੍ਰਿਫਤਾਰ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਰਾਠੌਰ ਦੀ ਗ੍ਰਿਫਤਾਰੀ ਨਾ ਹੋਈ ਤਾਂ ਉਹ ਹਾਈ ਕੋਰਟ ਜਾਣਗੇ। ਜ਼ਿਕਰਯੋਗ ਹੇ ਕਿ ਹਰਿਆਣਾ ਦੇ ਪੰਚਕੂਲਾ ਥਾਣੇ ਵਿੱਚ ਰਾਠੌਰ ਦੇ ਖ਼ਿਲਾਫ ਤਿੰਨ ਮਾਮਲੇ ਦਰਜ ਹਨ। ਰਾਠੌਰ ਖ਼ਿਲਾਫ ਭਾਰਤੀ ਦੰਡ ਐਕਟ (ਆਈ.ਪੀ.ਸੀ.) ਦੀ

ਧਾਰਾ 306 (ਆਤਮ-ਹੱਤਿਆ ਲਈ ਮਜਬੂਰ ਕਰਨ) ਅਤੇ ਧਾਰਾ 354 (ਛੇੜ-ਛਾੜ) ਦੇ ਤਹਿਤ ਮਾਮਲਾ ਦਰਜ ਹੈ। ਇਸ ਦੋਵੇਂ ਮਾਮਲਿਆਂ ਵਿੱਚ 10 ਸਾਲ ਅਤੇ ਤਿੰਨ ਸਾਲ ਦੀ ਸਜ਼ਾ ਦੀ ਪੇਸ਼ਕਸ਼ ਹੈ। ਇਥੇ ਇਹ ਵੀ ਵਰਣਨਯੋਗ ਹੈ ਕਿ ਇਹ ਘਟਨਾ 12 ਅਗਸਤ 1990 ਦੀ ਹੈ, ਜਦੋਂ ਰਾਠੌਰ ਨੇ 14 ਸਾਲਾ ਰੁਚਿਕਾ ਦੇ ਨਾਲ ਦੁਰਵਿਵਹਾਰ ਕੀਤਾ ਸੀ ਅਤੇ ਇਸ ਤੋਂ ਤਿੰਨ ਸਾਲ ਬਾਅਦ ਰੁਚਿਕਾ ਨੇ ਆਤਮ ਹੱਤਿਆ ਕਰ ਲਈ ਸੀ। ਇਸ ਮਾਮਲੇ ਵਿਚ ਰਾਠੌਰ ਨੂੰ 19 ਸਾਲ ਬਾਅਦ ਕੇਵਲ ਛੇ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ, ਜਿਸ ਨੂੰ ਬਹੁਤ ਹੀ ਘੱਟ ਮੰਨਦੇ ਹੋਏ ਇਸ ਦੀ ਸਖ਼ਤ ਆਲੋਚਨਾ ਕੀਤੀ ਗਈ ਸੀ।

ਰੁਚਿਕਾ ਛੇੜ-ਛਾੜ ਦੇ ਮਾਮਲੇ ਵਿੱਚ ਪੰਚਕੂਲਾ ਦੀ ਜ਼ਿਲ੍ਹਾ ਸੈਸ਼ਨ ਜੱਜ ਨੇ ਨੇ ਅੱਜ ਆਪਣੇ ਕੱਲ੍ਹ ਦੇ ਰਿਜ਼ਰਵ ਰੱਖੇ ਫੈਸਲੇ ਨੂੰ ਸੁਣਾਉਂਦੇ ਹੋਏ ਸਾਬਕਾ ਡਾਇਰੈਕਟਰ ਜਨਰਲ ਪੁਲਿਸ ਹਰਿਆਣਾ ਐੱਸ.ਪੀ.ਐੱਸ. ਰਾਠੌਰ ਦੀ ਅਗਾਊਂ ਜ਼ਮਾਨਤ ਅਰਜ਼ੀ ਨੂੰ ਰੱਦ ਕਰ ਦਿੱਤਾ, ਜਿਸ ਨਾਲ ਹੁਣ ਇਹ ਸਾਫ ਹੋ ਗਿਆ ਹੈ ਕਿ ਹੁਣ ਸਾਬਕਾ ਡੀ.ਜੀ.ਪੀ. ਸੰਭੂ ਪ੍ਰਸਾਦਿ ਸਿੰਘ ਰਾਠੌਰ ਨੂੰ ਕਿਸੇ ਸਮੇਂ ਵੀ ਹਰਿਆਣਾ ਪੁਲਿਸ ਗ੍ਰਿਫਤਾਰ ਕਰ ਸਕਦੀ ਹੈ। ਅੱਜ ਜ਼ਿਲ੍ਹਾ ਤੇ ਸੈਸ਼ਨ ਜੱਜ ਪੰਚਕੂਲਾ ਸ੍ਰੀ ਸੰਜੀਵ ਜਿੰਦਲ ਨੇ ਆਪਣੇ ਰਾਖਵੇਂ ਫੈਸਲੇ ਨੂੰ ਦਿੰਦਿਆਂ ਅੱਜ ਉਨ੍ਹਾਂ ਨੇ ਸਾਬਕਾ ਡੀ.ਜੀ.ਪੀ. ਹਰਿਆਣਾ ਐੱਸ.ਪੀ. ਐੱਸ. ਰਾਠੌਰ ਦੀ ਅਗਾਊ ਜ਼ਮਾਨਤ ਦੀ ਅਰਜ਼ੀ ਨੂੰ ਰੱਦ ਕਰਦਿਆਂ ਇਹ ਸਾਫ ਹੋ ਗਿਆ ਕਿ ਉਸ ਨੇ ਰੁਚਿਕਾ ਦੇ ਵਕੀਲ ਪੰਕਜ ਭਾਰਦਵਾਜ ਦੀਆਂ ਦਲੀਲਾਂ ਨੂੰ ☛(ਬਾਕੀ ਸਫਾ 2 'ਤੇ)

ਸ਼ਿਕਾਗੋ 'ਚ ਬਰਫਾਨੀ ਤੂਫਾਨ

500 ਤੋਂ ਜ਼ਿਆਦਾ ਉਡਾਨਾਂ ਰੱਦ

ਸ਼ਿਕਾਗੋ, 8 ਜਨਵਰੀ (ਇੰਟ.)-ਸ਼ਿਕਾਗੋ 'ਚ ਬਰਫਾਨੀ ਤੂਫ਼ਾਨ ਦੇ ਕਾਰਨ 500 ਤੋਂ ਜ਼ਿਆਦਾ ਹਵਾਈ ਉਡਾਨਾਂ ਰੱਦ ਕਰ ਦਿੱਤੀਆਂ ਗਈਆਂ ਹਨ। ਰਾਸ਼ਟਰੀ ਮੌਸਮ ਸੇਵਾ ਨੇ ਉੱਤਰੀ ਇਲੀਨੋਇਸ ਅਤੇ ਉੱਤਰੀ ਪੂਰਵੀ ਇੰਡੀਆਨਾ ਲਈ ਬਰਫ਼ਾਨੀ ਤੂਫ਼ਾਨ ਦੀ ਚੇਤਾਵਨੀ ਜਰੀ ਕੀਤੀ ਹੈ, ਜੋ ਸ਼ੁੱਕਰਵਾਰ ਤੱਕ ਰਹੇਗੀ। ਮੌਸਮ ਸੇਵਾ ਨੇ ਬਰਫ਼ਬਾਰੀ ਹੋਣ ਅਤੇ ਬਰਫ਼ ਦੀ ਚਾਦਰ 12 ਇੰਚ ਮੋਟੀ ਤਹਿ ਜੰਮਣ ਦਾ ਸ਼ੱਕ ਪੈਦਾ ਕੀਤਾ ਹੈ। ਵਿਭਾਗ ਨੇ ਦੱਸਿਆ ਕਿ ਖਰਾਬ ਮੌਸਮ ਦੇ ਕਾਰਨ ਓਹਰੇ ਅੰਤਰ ਰਾਸ਼ਟਰੀ ਅਤੇ ਮਿਡਵੇ ਹਵਾਈ ਅੱਡੇ ਤੋਂ 500 ਤੋਂ ਜ਼ਿਆਦਾ ਉਡਾਨਾ ਰੱਦ ਕਰਨੀਆ ਪਈਆਂ।

ਸੂਤਰਾਂ ਮੁਤਾਬਿਕ, ਸ਼ਹਿਰ ਦੇ 150 ਤੋਂ ਜ਼ਿਆਦਾ ਸਕੂਲ ਵੀ ਬੰਦ ਹਨ। ਮੌਸਮ ਸੇਵਾ ਦੁਆਰਾ ਜਾਰੀ ਚੇਤਾਵਨੀ 'ਚ ਭਾਰੀ ਬਰਫ਼ਾਰੀ ਹੋਣ ਦੀ ਸੰਭਾਵਨਾ ਦੱਸੀ ਗਈ ਹੈ। ਬਰਫ਼ ਨੂੰ ਸਾਫ਼ ਕਰਨ ਲਈ ਸਫ਼ਾਈ ਵਿਭਾਗ ਦੇ 275 ਟਰੱਕਾਂ ਨੂੰ ਸੜਕ 'ਤੇ ਤਾਇਨਾਤ ਕੀਤਾ ਹੈ।

ਆਖਰ ਮੰਨ ਹੀ ਗਏ ਵੱਡੇ ਬਾਦਲ

ਬਿਜਲੀ ਦਰਾਂ ਵਿੱਚ ਵਾਧਾ ਵਾਪਸ ਲੈਣ ਤੋਂ ਭਾਜਪਾ ਬਾਗੋਬਾਗ

ਚੰਡੀਗੜ੍ਹ, 8 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਬਿਜਲੀ ਦਰਾਂ ਵਿੱਚ ਕੀਤੇ ਵਾਧੇ ਨੂੰ ਵਾਪਸ ਲੈਣ ਦੇ ਮਾਮਲੇ ਵਿੱਚ ਲੈ ਕੇ ਜਿੱਥੇ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਧੜਾ ਨਰਾਜ ਵੀ ਹੈ। ਉੱਥੇ ਭਾਜਪਾ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਭਾਜਪਾ ਨੇਤਾ ਖੁਸ਼ ਹ ਕਿ ਤਿੰਨ ਸਾਲ ਬਾਅਦ ਵੀ ਕਿਸੇ ਮੁੱਦੇ ਤੇ ਸਾਡੀ ਸੁਣੀ ਗਈ ਹੈ। ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਸ਼੍ਰੋਮਣੀ ਅਕਾਲੀ ਦਲ ਆਪਣੀ ਸਰਕਾਰ ਵਿੱਚ ਭਾਈਵਾਲ ਪਾਰਟੀ ਭਾਰਤੀ ਜਨਤਾ ਪਾਰਟੀ ਨੂੰ ਇੱਕ ਤਰ੍ਹਾਂ ਨਾਲ ਇਗਨੋਰ ਕਰਕੇ ਖੁੱਡੇ ਲਾਈਨ ਹੀ ਲਗਾਈ ਰੱਖਿਆ ਸੀ। ਅਕਾਲੀ ਦਲ ਨੇ ਭਾਜਪਾ ਨੇਤਾਵਾਂ ਨੂੰ ਕਦੇ ਵੀ ਕਿਸੇ ਨੀਤ ਨਿਰਧਾਰਨ, ਨੀਤੀ ਘੜਨ ਕਿਸੇ ਯੋਜਨਾ ਵਿੱਚ ਭਾਜਪਾਈ ਸਲਾਹ ਤੱਕ ਨਹੀਂ ਸੀ ਲਈ। ਹੁਣ ਭਾਜਪਾਈ ਬਿਜਲੀ ਦੀਆਂ ਵਧਾਈਆਂ ਦਰਾਂ ਨੂੰ ਵਾਪਸ ਲੈਣ ਦੇ ਮਾਮਲੇ ਵਿੱਚ ਸੁਣੀ ਗਈ। ਜਿਸ ਨਾਲ ਪੰਜਾਬ ਵਿੱਚ ਭਾਜਪਾ ਦੇ ਅਕਸ ਨੂੰ ਉੱਚਾ ਚੁੱਕਣ ਅਤੇ ਧੁੰਦਲਾਪਣ ਖਤਮ ਕਰਨ ਵਿੱਚ ਇਹ ਬਿਜਲੀ ਦਰਾਂ ਸਹਾਈ ਹੋਈਆਂ ਹਨ। ਇਸ ਤਰ੍ਹਾਂ ਅਕਾਲੀ ਭਾਜਪਾ ਸਰਕਾਰ ਗੱਠਜੋੜ ਆਪਣੀ ਇੱਕ ਗੱਲ ਮੰਨਵਾਉਣ ਵਿੱਚ ਕਾਫੀ ਸਫਲ ਰਿਹਾ ਹੈ। ਚਾਹ ਇਹ ਗੱਲ ਉਨ੍ਹਾਂ ਦੀ ਕੇਂਦਰੀ ਲੀਡਰਸ਼ਿਪ ਨੇ ਦਬਾਅ ਪਾ ਕੇ ਮੰਨਵਾਈ, ਜਦੋਂ ਕਿ ਇਹ ਅਕਾਲੀ ਦਲ ਨੂੰ ਇੱਕ ਵੱਡਾ ਝਟਕਾ ਹੈ, ਕਿਉਂਕਿ ਸ. ਪ੍ਰਕਾਸ਼ ਸਿੰਘ ਬਾਦਲ ਪਹਿਲਾਂ ਪੰਜਾਬ ਦ ਭਾਜਪਾ ਨੇਤਾਵਾਂ ਅੱਗੇ ਅਖੀਰ ਤੱਕ ਅੜੇ ਰਹੇ। ਹੁਣ ਭਾਜਪਾ ਕੇਂਦਰੀ ਲੀਡਰਸ਼ਿਪ ਦੇ ਦਬਾਅ ਹੇਠ ਅਕਾਲੀ ਦਲ ਨੂੰ ਇੰਨਾ ਵੱਡਾ ਝਟਕਾ ਪਹਿਲਾਂ ਕਦੇ ਨਹੀਂ ਲੱਗਿਆ। ਇਸ ਨਾਲ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਅਤੇ ਪ੍ਰਦੇਸ਼ ਕੇਂਦਰੀ ਲੀਡਰਸ਼ਿਪ ਨੇ ਅਕਾਲੀ ਦਲ ਨੂੰ ਇਹ ਸੰਕੇਤ ਵੀ ਦੇ ਦਿੱਤਾ ਕਿ ਅਗਲੇ ਦੋ ਸਾਲਾਂ ਦੇ ਬਾਕੀ ਸਮੇਂ ਦਰਾਨ ਭਾਜਪਾ ਨੂੰ ਹਲਕੇ ਤਰੀਕੇ ਨਾਲ ਨਾ ਲਿਆ ਜਾਵੇ। ਸੂਤਰਾਂ ਅਨੁਸਾਰ ਇਹ ਦੋਵਾਂ ਪਾਰਟੀਆਂ ਦੀ ਜਿਹੜੀ ਅਖੀਰਲੀ ਮੀਟਿੰਗ ਹੋਈ ਸੀ। ਉਸ ਵਿੱਚ ਜਦੋਂ ਦੋਵੇਂ ਬਾਦਲ ਦਲੀਆਂ ਨੂੰ ਵਾਪਸ ਲੈਣ ਤੇ ਨਾ ਮੰਨੇ ਤਾਂ ਸਾਰੇ ਭਾਜਪਾ ਨੇਤਾ ਤਾਂ ਭਾਰਤੀ ਜਨਤਾ ਪਾਰਟੀ ਪੰਜਾਬ ਦੀ ਪੂਰੀ ਇਕਾਈ ਵਾਕ-ਆਊਟ ਕਰਨ ਲਈ ਬਾਦਲ ਦੇ ਵਾਰੰਟ ਸੱਦੇ ਜਾਣ ਤੇ ਵੀ ਨਹੀਂ ਗਏ। ਇਸ ਤੋਂ ਬਾਅਦ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਨੇ ਵਧਾਈਆਂ ਦਰਾਂ ਵਾਪਸ ਲੈਣ ਦਾ ਲਿਖਤੀ ਤੌਰ 'ਤੇ ਐਲਾਨ ਕੀਤਾ। ਸੂਤਰਾਂ ☛(ਬਾਕੀ ਸਫਾ 2 'ਤੇ)

ਰਾਣਾ ਸੋਢੀ ਦਾ ਸਿਆਸੀ ਭਵਿੱਖ ਦਾਅ 'ਤੇ

ਚੰਡੀਗੜ੍ਹ, 8 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਅਰੂਸਾ ਤੋਂ ਬਾਅਦ ਸੁਰਖੀਆਂ ਵਿੱਚ ਆਈ ਰਿਜਵੀ ਨਜਮੀ ਪਾਕਿਸਤਾਨੀ ਔਰਤ ਨੇ ਪੰਜਾਬ ਕਾਂਗਰਸ ਦੇ ਇੱਕ ਸੀਨੀਅਰ ਆਗੂ ਤੇ ਵਿਧਾਇਕ ਰਾਣਾ ਗੁਰਮੀਤ ਸੋਢੀ ਦੇ ਸਿਆਸੀ ਕੈਰੀਅਰ ਤੇ ਸੁਆਲ ਚਿੰਨ੍ਹ ਖੜ੍ਹਾ ਕਰ ਦਿੱਤਾ ਹੈ। ਗੈਰ-ਕਾਨੂੰਨੀ ਢੰਗ ਨਾਲ ਰਾਜਸਥਾਨ ਦੀ ਸੈਰ ਕਰਨ ਵਾਲੀ ਇਸ ਪਾਕਿਸਤਾਨੀ ਔਰਤ ਨੂੰ ਠਹਿਰਣ ਲਈ ਰਾਣਾ ਸੋਢੀ ਨੇ ਹੀ ਜੈਪੁਰ ਦੇ ਪੰਜ ਤਾਰਾ ਹੋਟਲ ਵਿੱਚ ਕਮਰਾ ਉਪਲੱਬਧ ਕਰਵਾਇਆ ਸੀ। ਇਸ ਦੀ ਪੁਸ਼ਟੀ ਹੋ ਚੁੱਕੀ ਹੈ। ਯਾਦ ਰਹੇ ਇਸ ਮਹਿਲਾ ਕੋਲ ਕੇਵਲ ਚੰਡੀਗੜ੍ਹ ਦਿੱਲੀ ਤੇ ਯੂ.ਪੀ. ਜਾਣ ਦਾ ਵੀਜਾ ਸੀ। ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਪੰਜਾਬ ਕਾਂਗਰਸ ਵਿੱਚ ਇੱਕ ਸੀਨੀਅਰ ਆਗੂ ਵੱਲੋਂ ਪਾਕਿਸਤਾਨੀ ਔਰਤ ਨੂੰ ਘੁਮਾਉਣ ਦਾ ਇਹ ਦੂਜਾ ਮਾਮਲਾ ਹੈ। ਖੁਫੀਆ ਏਜੰਸੀਆਂ ਵੱਲੋਂ ਹੁਣ ਇਸ ਸਾਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਪਾਕਿਸਤਾਨੀ ਔਰਤ ਦੇ ਵੀਜੇ ਤੇ ਭਾਰਤੀ ਪ੍ਰਾਹੁਣਾਚਾਰੀ ਦੇ ਤੌਰ ਤੇ ਰਾਣਾ ਸੋਢੀ ਦਾ ਨਾਂਅ ਅੰਕਿਤ ਹੈ। ਸਿਆਸੀ ਹਲਕਿਆਂ ਵਿੱਚ ਰਾਣਾ ਸੋਢੀ ਤੇ ਇਸ ਔਰਤ ਦੇ ਕਿੱਸੇ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਅੱਜ ਸਿਵਲ ਸਕੱਤਰੇਤ ਵਿੱਚ ਕਈ ਉੱਚ ਅਧਿਕਾਰੀ ਤੇ ਮੰਤਰੀ ਇਸ ਮਾਮਲ ਬਾਰੇ ਹੋਰ ਜਾਣਕਾਰੀ ਲੈਣ ਲਈ ਉਤਸੁਕ ਨਜ਼ਰ ਆਏ। ਉੱਧਰ ਰਾਣਾ ਸੋਢੀ ਨੇ ਸਾਰੇ ਮਾਮਲੇ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਦਿਆਂ ਇਸ ਪਿੱਛੇ ਸ਼ਹਿਰੀ ਸਾਜਿਸ਼ ਹੋਣ ਦੇ ਸ਼ੰਕੇ ਪ੍ਰਗਟ ਕੀਤੇ। ਉਨ੍ਹਾਂ ਮੀਡੀਆ ਨੂੰ ਕਿਹਾ ਕਿ ਮੈਂ ਤਾਂ ਆਪਣੇ ਪਰਿਵਾਰ ਨਾਲ ਘੁੰਮਣ ਗਿਆ ਸੀ, ਉੱਥੇ ਟਾਕਰਾ ਹੋ ਗਿਆ ਉਹ ਮੈਨੂੰ ਪਹਿਲਾਂ ਤੋਂ ਜਾਣਦੀ ਸੀ।

ਰਾਗੀ ਦਰਸ਼ਨ ਸਿੰਘ ਸਿੱਖ ਵਿਰੋਧੀਆਂ ਨਾਲ ਮਿਲ ਕੇ ਸਾਜ਼ਿਸ਼ਾਂ ਰਚ ਰਿਹੈ-ਨਾਭਾ ਜੇਲ੍ਹ ਦੇ ਨਜ਼ਰਬੰਦ

ਨਾਭਾ ਜੇਲ੍ਹ ਦੇ ਸਮੂਹ ਨਜ਼ਰਬੰਦਾਂ ਵੱਲੋਂ ਨਾਨਕਸ਼ਾਹੀ ਕੈਲੰਡਰ ਵਿੱਚ ਸੋਧ ਲਈ ਦਮਦਮੀ ਟਕਸਾਲ, ਸਿੰਘ ਸਾਹਿਬ ਅਤੇ ਹੋਰ ਸੰਤਾਂ ਮਹਾਂਪੁਰਸ਼ਾਂ ਦਾ ਤਹਿ ਦਿਲੋਂ ਧੰਨਵਾਦ

ਜਲੰਧਰ, 8 ਜਨਵਰੀ (ਅਵਾਜ਼ ਨਿਊਜ਼ ਸਰਵਿਸ)-ਨਾਭਾ ਜੇਲ੍ਹ ਵਿੱਚ ਨਜ਼ਰਬੰਦ ਸਿੱਖ ਸੰਘਰਸ਼ ਦੇ ਸੰਘਰਸ਼ੀ ਨੌਜਵਾਨਾਂ ਅਤੇ ਹੋਰ ਸਮੂਹ ਸਿੱਖ ਕੈਦੀਆਂ ਵੱਲੋਂ ਨਾਨਕਸ਼ਾਹੀ ਕੈਲੰਡਰ ਵਿੱਚ ਸੋਧ ਕਰਕੇ ਇਸ ਨੂੰ ਸਮੁੱਚੀ ਸਿੱਖ ਕੌਮ ਵਿੱਚ ਇੱਕਸਾਰਤਾ ਨਾਲ ਲਾਗੂ ਕਰਨ ਵਿੱਚ ਸਫਲ ਹੋਣ 'ਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਹਿਬ ਗਿਆਨੀ ਗੁਰਬਚਨ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਅਤੇ ਹੋਰ ਸੰਤਾਂ ਮਹਾਂਪੁਰਸ਼ਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਇਸ ਕਾਰਜ ਲਈ ਵਧਾਈ ਦਿੱਤੀ ਹੈ। ਨਾਭਾ ਜੇਲ੍ਹ ਵਿੱਚ ਨਜ਼ਰਬੰਦ ਦਮਦਮੀ ਟਕਸਾਲ ਦੇ ਮੁਖੀ ਰਹੇ ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਪੋਤਰੇ ਅਤੇ ਟਕਸਾਲੀ ਅਕਾਲੀ ਆਗੂ ਭਾਈ ਅਮੋਲਕ ਸਿੰਘ ਅਖਾੜਾ, ਸੰਤ ਬਾਬਾ ਬਲਬੀਰ ਸਿੰਘ ਜੀ ਲੰਮੇ ਜੱਟਪੁਰਾ, ਭਾਈ ਪਰਮਜੀਤ ਸਿੰਘ ਢਾਡੀ, ਭਾਈ ਜੋਗਾ ਸਿੰਘ, ਭਾਈ ਜਸਵਿੰਦਰ ਸਿੰਘ ਅਤੇ ਹੋਰ ਅਨੇਕਾਂ ਸੰਘਰਸ਼ ਵਿੱਚ ਪੂਰੀ ਜ਼ਿੰਦਗੀ ਲਾ ਦੇਣ ਵਾਲੇ ਸਿੱਖ ਨੌਜਵਾਨਾਂ ਨੇ ਨਾਨਕਸ਼ਾਹੀ ਕੈਲੰਡਰ ਵਿੱਚ ਸੋਧ ਨੂੰ ਦੇਸ਼ ਵਿਦੇਸ਼ ਦੀਆਂ ਟਕਸਾਲੀ ਸਿੱਖ ਜਥੇਬੰਦੀਆਂ ਦੀ ਇੱਕ ਵੱਡੀ ਇਤਿਹਾਸਕ ਜਿੱਤ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਇਹ ਸਮੂਹ ਜਥੇਬੰਦੀਆਂ ਇਸ ਕੈਲੰਡਰ ਦੇ ਲਾਗੂ ਹੋਣ ਵੇਲੇ ਤੋਂ ਹੀ ਇਸ ਦੇ ☛(ਬਾਕੀ ਸਫਾ 2 'ਤੇ)

ਕੈਨੇਡਾ ਦੇ ਸਪੀਕਰ ਦਾ ਅੰਮ੍ਰਿਤਸਰ ਪੁੱਜਣ 'ਤੇ ਨਿੱਘਾ ਸੁਆਗਤ

ਅੰਮ੍ਰਿਤਸਰ, 8 ਜਨਵਰੀ (ਮੋਤਾ ਸਿੰਘ)-ਹਾਊਸ ਆਫ ਕਾਮਨਜ, ਕਨੇਡਾ ਦੇ ਸਪੀਕਰ, ਮਾਣਯੋਗ ਸ਼੍ਰੀ ਪੀਟਰ ਮਿਲੀਕੇਨ ਅਤੇ ਕਨੇਡੀਅਨ ਮੈਂਬਰ ਪਾਰਲੀਮੈਂਟ ਸ. ਗੁਰਬਖਸ਼

(ਫੋਟੋ : ਜੀ. ਐਸ. ਪੰਕਜ)

ਮੱਲੀ ਦਾ ਅੰਮ੍ਰਿਤਸਰ ਪੁੱਜਣ ਤੇ ਪੰਜਾਬ ਸਰਕਾਰ ਵੱਲੋਂ ਨਿੱਘਾ ਸੁਆਗਤ ਕੀਤਾ ਗਿਆ। ਇਸ ਮੌਕੇ ਸ. ਨਿਰਮਲ ਸਿੰਘ ਕਾਹਲੋਂ, ਸਪੀਕਰ, ਪੰਜਾਬ ਵਿਧਾਨ ਸਭਾ, ਸ. ਸੇਵਾ ਸਿੰਘ ਸੇਖਵਾਂ, ਸੂਚਨਾ ਅਤੇ ਲੋਕ ਸੰਪਰਕ ਮੰਤਰੀ, ਸ. ਨਵਜੋਤ ਸਿੰਘ ਸਿੱਧੂ, ਮੈਂਬਰ ਪਾਰਲੀਮੈਂਟ, ਸ਼੍ਰੀ ਸਤਪਾਲ ਗੋਸਾਂਈ, ਡਿਪਟੀ ਸਪੀਕਰ, ਸ. ਵਿਰਸਾ ਸਿੰਘ ਵਲਟੋਹਾ, ਡਾ. ਦਲਬੀਰ ਸਿੰਘ ਵੇਰਕਾ, ਸ਼੍ਰੀ ਅਨਿਲ ਜੋਸ਼ੀ (ਸਾਰੇ ਵਿਧਾਇਕ), ਇੰਜ: ਸਵੇਤ ਮਲਿਕ, ਮੇਅਰ, ਸ. ਕਾਹਨ ਸਿੰਘ ਪੰਨੂ, ਡਿਪਟੀ ਕਮਿਸ਼ਨਰ, ਸ਼੍ਰੀ ਪੀ.ਕੇ. ਰਾਏ, ਐਸ.ਐਸ.ਪੀ. ਅੰਮ੍ਰਿਤਸਰ ਸ਼ਹਿਰੀ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਸ਼੍ਰੀ ਪੀਟਰ ਦੇ ਸੁਆਗਤ ☛(ਬਾਕੀ ਸਫਾ 2 'ਤੇ)

ਇੰਪਰੂਵਮੈਂਟ ਟਰੱਸਟ ਜਲੰਧਰ ਦੇ ਚੇਅਰਮੈਨ ਸ. ਬਲਜੀਤ ਸਿੰਘ ਨੀਲਾ ਮਹਿਲ ਪਿਛਲੇ ਮਹੀਨੇ ਟਰੱਸਟ ਵੱਲੋਂ ਲਗਾਏ ਸੰਗਤ ਦਰਸ਼ਨ ਦੌਰਾਨ ਆਈ ਸ਼ਿਕਾਇਤ ਨੂੰ ਦੂਰ ਕਰਦਿਆਂ ਇੱਕ ਗਾਹਕ ਨੂੰ ਨਵੇਂ ਸਿਰਿਓਂ ਪਲਾਂਟ ਦੀ ਅਲਾਟਮੈਂਟ ਦੇ ਦਸਤਾਵੇਜ਼ ਸੌਂਪਦੇ ਹੋਏ। ਉਨ੍ਹਾਂ ਨਾਲ ਸ. ਸੁਰਜੀਤ ਸਿੰਘ ਆਜ਼ਾਦ ਵੀ ਦਿਖਾਈ ਦੇ ਰਹੇ ਹਨ । (ਤਸਵੀਰ: ਕੁਲਦੀਪ ਸਿੰਘ)

ਸਰਦੀ ਕਾਰਨ ਲੋਕ ਦਿਨ ਭਰ ਘਰਾਂ 'ਚ ਹੀ ਰਹੇ

ਕੰਟਰੋਲ ਲਾਈਨ 'ਤੇ ਘੁਸਪੈਠ ਦੀ ਅਸਫਲ ਕੋਸ਼ਿਸ਼

ਚੰਡੀਗੜ੍ਹ, 8 ਜਨਵਰੀ (ਵਿਸ਼ਵ ਵਾਰਤਾ)-ਚੰਡੀਗੜ੍ਹ ਅਤੇ ਆਲੇ ਦੁਆਲੇ ਦੇ ਇਲਾਕੇ ਵਿਚ ਅੱਜ

ਵੀ ਚੌਥੇ ਦਿਨ ਆਮ ਲੋਕਾਂ ਨੂੰ ਕੜਾਕੇ ਦੀ ਸਰਦੀ ਝੱਲਣੀ ਪਈ। ਜ਼ਿਆਦਾਤਰ ਲੋਕ ਦਿਨ ਭਰ ਘਰਾਂ ਵਿਚ ਰਹੇ। ਹਾਲਾਂਕਿ ਦੁਪਹਿਰ ਸਮੇਂ ਧੁੱਪ ਨਿਕਲਣ ਨਾਲ ਲੋਕਾਂ ਨੇ ਠੰਡ ਤੋਂ ਕੁਝ ਰਾਹਤ ਮਹਿਸੂਸ ਕੀਤੀ। ਇਸ ਤੋਂ ਪਹਿਲਾਂ ਸਵੇਰੇ ਧੁੰਦ ਕਾਰਨ ਜਨਜੀਵਨ ਪ੍ਰਭਾਵਿਤ ਰਿਹਾ। ਲੋਕਾਂ ਨੂੰ ਆਪਣੇ ਕੰਮ-ਕਾਰਾਂ 'ਤੇ ਜਾਣ ਸਮੇਂ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਤੇ ਆਵਾਜਾਈ ਦੀ ਰਫਤਾਰ ਵੀ ਮੱਠੀ ਰਹੀ। ਵਰਣਨਯੋਗ ਹੈ ਕਿ ਨਵੇਂ ਸਾਲ ਦੇ ਆਗਮਨ ਤੋਂ ਪਹਿਲਾਂ ਸਰਦੀ ਦਾ ਕੋਈ ਜ਼ਿਆਦਾ ਅਸਰ ਦਿਖਾਈ ਨਹੀਂ ਦਿੰਦਾ ਸੀ। ਪਰ ਨਵੇਂ ਸਾਲ ਦੀ ਸ਼ੁਰੂਆਤ ਨਾਲ ਮੌਸਮ ਨੇ ਅਚਾਨਕ ਇਕ ਦਮ ਆਪਣਾ ਰੁਖ਼ ਬਦਲ ਕੇ ਲੋਕਾਂ ਨੂੰ ਆਪਣੀ ਕੜਾਕੇ ਦੀ ਸਰਦੀ ਵਿਚ ਲਪੇਟ ਲਿਆ ☛(ਬਾਕੀ ਸਫਾ 2 'ਤੇ)

ਭਾਰਤ ਸ੍ਰੀਲੰਕਾ ਵਿਚਾਲੇ ਦੂਜਾ ਮੈਚ ਭਲਕੇ

ਹੁਸ਼ਿਆਰਪੁਰ, 8 ਜਨਵਰੀ (ਕੁਲਦੀਪ ਸਿੰਘ ਪੱਟੀ)-ਬੰਗਲਾ ਦੇਸ਼ ਵਿੱਚ ਚੱਲ ਰਹੀ ਤ੍ਰਿਕੋਨੀ ਕ੍ਰਿਕਟ ਕੜੀ ਵਿੱਚ 10 ਜਨਵਰੀ ਨੂੰ ਭਾਰਤ ਦਾ ਸ੍ਰੀਲੰਕਾ ਨਾਲ ਦੂਜਾ ਭੇੜ ਹੋਵੇਗਾ। 1 ਮਾਰਚ ਨੂੰ ਭਾਰਤ ਤੇ ਬੰਗਲਾ ਦੇਸ਼ ਵਿਚਾਲੇ ਦੂਜਾ ਮੈਚ ਹੋਵੇਗਾ। ਫਾਈਨਲ ਮੈਚ 13 ਜਨਵਰੀ ਨੂੰ ਹੋਵੇਗਾ। ਭਾਰਤੀ ਕ੍ਰਿਕਟ ਟੀਮ ਵਿੱਚ ਮਹਿੰਦਰ ਸਿੰਘ ਧੋਨੀ ਕਪਤਾਲ ਵਰਿੰਦਰ ਸਹਿਵਾਗ, ਗੌਤਮ ਗੰਭੀਰ, ਵਿਕਰਾਤ ਕੋਹਲਾ ਮੁਕੇਸ਼ ਰੈਣਾ, ਯੁਵਰਾਜ ਸਿੰਘ ਰੋਹਿਤ ਸ਼ਰਮਾ, ਦਨੇਸ਼ ਕਾਰਤਿਕ, ਰਵਿੰਦਰ ਜਡੇਜਾ, ਹਰਭਜਨ ਸਿੰਘ ਜਹੀਰ ਖਾਨ ਅਸ਼ੋਕ ਨਹਿਰਾ ਸੰਦੀਪ ਤਿਆਗੀ ਐੱਸ.ਸੀ. ਸ਼ੇਖ, ਢੀਡਾ ਅਤੇ ਅੰਮ੍ਰਿਤ ਮਿਸ਼ਰਾ ਸ਼ਾਮਲ ਹਨ। ਬੰਗਲਾਦੇਸ਼ ਦੀ ਕ੍ਰਿਕਟ ਟੀਮ ਦਾ ਕਪਤਾਨ ਸਕੀਨ ਅਲ ਹਸਨ ਹੈ, ਜਦਕਿ ਸ੍ਰੀਲੰਕਾ ਟੀਮ ਦਾ ਕਪਤਾਨ ਕੁਮਾਰ ਮੰਗਕਾਰਾ ਹੈ। ਜ਼ਿਕਰਯੋਗ ਹੈ ਕਿ 2011 ਦੀ ਵਿਸ਼ਵ ਕੱਪ ਦੀ ਮੇਜ਼ਬਾਨੀ ਲਈ ਭਾਰਤ-ਸ੍ਰੀਲੰਕਾ ਤੇ ਬੰਗਲਾਦੇਸ਼ ਮੇਜ਼ਬਾਨ ਹੋਣ ਕਰਕੇ 2010 ਦੇ ਜਨਵਰੀ ਮਹੀਨੇ ਹੋ ਰਹੀ ਇਹ ਤਿਕੋਨੀ ਕ੍ਰਿਕਟ ਟੈੱਸਟ ਲੜੀ ਮਹੱਤਤਾ ਰੱਖਦੀ ਹੈ। ਭਾਰਤ ਬੰਗਲਾ ਦੇਸ਼ ਦਾ ਜਨਵਰੀ ਤੱਕ ਚਿਟਾਗਾਂਗ ਤੇ ਘੱਟ 24 ਤੋਂ 28 ਜਨਵਰੀ ਤੱਕ ਢਾਕਾ ਵਿਖੇ ਦੋ ਟੈੱਸਟ ਮੈਚ ਖੇਡੇਗਾ, ਜਿਸ ਲਈ ਹਰਫਨ ਮੌਲਾ ਖਿਡਾਰੀ ਸਚਿਤ ਤੇਂਦੁਲਕਰ ਦੀ ਵਾਪਸੀ ਸੰਭਵ ਹੈ।

ਜ਼ਰੂਰੀ ਸੂਚਨਾ

ਅਦਾਰਾ 'ਅੱਜ ਦੀ ਆਵਾਜ਼' ਵੱਲੋਂ ਜਾਰੀ ਕੀਤੇ ਗਏ ਸਾਰੇ ਅਥਾਰਟੀ ਪੱਤਰ ਅਤੇ ਸ਼ਨਾਖਤੀ ਕਾਰਡ ਰੱਦ ਕਰ ਦਿੱਤੇ ਗਏ ਹਨ। ਇਨ੍ਹਾਂ ਦੀ ਮਿਆਦ ਸਿਰਫ਼ 31-12-2009 ਤੱਕ ਹੀ ਸੀ। ਸਾਰੇ ਪੱਤਰਕਾਰਾਂ ਅਤੇ ਸਬੰਧਿਤ ਹੋਰ ਸੱਜਣਾਂ ਨੂੰ ਅਪੀਲ ਹੈ ਕਿ ਉਹ ਅਥਾਰਟੀ ਪੱਤਰ ਅਤੇ ਸ਼ਨਾਖਤੀ ਕਾਰਡ ਨਵਿਆਉਣ ਲਈ ਤੁਰੰਤ ਦਫ਼ਤਰ ਨਾਲ ਸੰਪਰਕ ਕਰਨ। ਨਵੇਂ ਅਥਾਰਟੀ ਪੱਤਰਾਂ ਤੋਂ ਬਿਨਾਂ ਕਿਸੇ ਵੀ ਪੱਤਰਕਾਰ ਦੀਆਂ ਖ਼ਬਰਾਂ ਨੂੰ ਅਖ਼ਬਾਰ ਵਿੱਚ ਜਗ੍ਹਾ ਨਹੀਂ ਮਿਲੇਗੀ। -ਸੰਪਾਦਕ

ਬਰਨਾਲਾ ਤੋਂ ਪੱਤਰਕਾਰ ਦੀ ਲੋੜ

ਬਰਨਾਲਾ ਤੋਂ 'ਅੱਜ ਦੀ ਆਵਾਜ਼' ਨੂੰ ਯੋਗ ਪੱਤਰਕਾਰ ਦੀ ਜ਼ਰੂਰਤ ਹੈ। ਬਰਨਾਲਾ ਸਟੇਸ਼ਨ ਕੁਝ ਸਮੇਂ ਤੋਂ ਖਾਲੀ ਪਿਆ ਹੈ। ਯੋਗ ਉਮੀਦਵਾਰ ਕਿਸੇ ਵੀ ਕੰਮ ਵਾਲੇ ਦਿਨ ਦਫ਼ਤਰੀ ਸਮੇਂ ਦੌਰਾਨ ਮੋਬਾਇਲ ਨੰ. 93170-06161 'ਤੇ ਸੰਪਰਕ ਕਰਨ। -ਮੈਨੇਜਰ

ਵਿਸ਼ੇਸ਼ ਟਿੱਪਣੀ

ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥ (ਸ੍ਰੀ ਗੁਰੂ ਗ੍ਰੰਥ ਸਾਹਿਬ)

ਦਿਸ਼ਾਹੀਣ ਅਰਥ ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਦੀ ਪੰਜਾਬ ਦੇ ਲੋਕਾਂ ਨੂੰ ਪੁੱਠੀ ਮਤਿ

ਪੰਜਾਬੀ ਦੀ ਇਕ ਕਹਾਵਤ ਹੈ 'ਨੀਮ ਹਕੀਮ ਖਤਰਾ ਜਾਨ'। ਜੇ ਇਸ ਨੂੰ ਹੋਰ ਗੰਭੀਰ ਪ੍ਰਸੰਗ ਵਿਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ 'ਵਿਦਵਾਨ ਬਈਮਾਨ-ਖਤਰਾ ਮਹਾਨ।' ਕਿਉਂਕਿ ਨੀਮ ਹਕੀਮ ਦਾ ਖਤਰਾ ਇਕ ਜਾਨ ਨੂੰ ਹੁੰਦਾ ਹੈ, ਜਦੋਂਕਿ ਬਈਮਾਨ ਵਿਦਵਾਨ ਸਮੁੱਚੀਆਂ ਕੌਮਾਂ ਦੀ ਬੇੜੀ ਡੋਬਣ ਦਾ ਕਾਰਨ ਬਣ ਜਾਂਦੇ ਹਨ। 3, 4 ਤੇ 5 ਜਨਵਰੀ ਨੂੰ ਰੋਜ਼ਾਨਾ 'ਅਜੀਤ' ਵਿਚ ਲੜੀਵਾਰ ਛਪੀ 'ਪ੍ਰਸਿੱਧ ਅਰਥ ਸ਼ਾਸਤਰੀ' ਡਾ. ਸੁੱਚਾ ਸਿੰਘ ਗਿੱਲ ਦੀ ਲਿਖਤ 'ਪੰਜਾਬ ਦੀ ਆਰਥਿਕਤਾ ਦੀ ਦਸ਼ਾ ਅਤੇ ਦਿਸ਼ਾ-ਚੁਣੌਤੀਆਂ ਅਤੇ ਸੰਭਾਵਨਾਵਾਂ' ਪੂਰਨ ਰੂਪ ਵਿਚ ਇਸੇ ਕਹਾਵਤ ਦੀ ਪੁਸ਼ਟੀ ਕਰਦੀ ਹੈ। ਇਸ ਲਿਖਤ ਵਿਚ ਡਾ. ਸਾਹਿਬ ਨੇ ਪੰਜਾਬ ਦੀ ਆਰਥਿਕਤਾ ਦੇ ਪੱਛੜ ਜਾਣ ਅਤੇ ਇਸ ਦੀ ਅਜੋਕੀ ਹਾਲਤ ਬਾਰੇ ਕੁਝ ਅੰਕੜਿਆਂ ਨਾਲ ਰੋਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਇਸ ਨੂੰ ਮੁੜ ਤੋਂ ਲੀਹ 'ਤੇ ਲਿਆਉਣ ਦੇ ਕੁਝ ਆਪਣੇ ਵੱਲੋਂ ਸੁਝਾਅ ਵੀ ਦਿੱਤੇ ਹਨ। ਪਰ ਕੀ ਉਨ੍ਹਾਂ ਦੇ ਇਹ ਸੁਝਾਅ ਪੰਜਾਬ ਦੀ ਪਿਛਲੀ ਜਾਂ ਅੱਜ ਦੀ ਹਕੀਕਤ ਦੇ ਬਰਮੇਚ ਹਨ ਜਾਂ ਕੀ ਇਹ ਪੰਜਾਬ ਦੇ ਅਗਲੇਰੇ ਆਰਥਕ ਵਿਕਾਸ ਦੀ ਜਾਮਨੀ ਭਰਦੇ ਹਨ? ਇਹ ਸੁਆਲ ਬੜਾ ਅਹਿਮ ਹੈ।

ਕਿਹਾ ਜਾ ਸਕਦਾ ਹੈ ਕਿ ਕਿਸੇ 'ਵਿਦਵਾਨ' ਦੀ ਲਿਖਤ ਬਾਰੇ ਏਨੀ ਕੁੜੱਤਣ ਨਾਲ ਟਿੱਪਣੀ ਕਰਨ ਲੱਗਿਆਂ ਕਿਤੇ ਲਿਖਤ ਦਲੀਲ ਜਾਂ ਤਰਕ ਪੱਖੋਂ ਊਣੀ ਤਾਂ ਨਹੀਂ ਰਹਿ ਜਾਵੇਗੀ। ਦਲੀਲ ਜਾਂ ਤਰਕ ਕਿਸੇ ਵਿਦਵਾਨ ਦੇ ਸੰਕਲਪੀ ਗਿਆਨ ਦਾ ਜੁਆਬ ਦੇ ਸਕਦੇ ਹਨ। ਪਰ ਜਿਨ੍ਹਾਂ ਲੋਕਾਂ ਨੂੰ ਅਹਿਸਾਸ ਹੈ ਕਿ ਪੰਜਾਬ ਦੇ ਪਿਛਲੇ ਅਖੌਤੀ ਆਰਥਕ ਵਿਕਾਸ ਨੇ ਕਿਵੇਂ ਹਕੀਕਤ ਵਿਚ ਪੰਜਾਬ ਦੇ ਸਮੁੱਚੇ ਅਰਥਚਾਰੇ ਅਤੇ ਸਮਾਜ-ਸੱਭਿਆਚਾਰ ਦਾ ਬੇੜਾ ਗਰਕ ਕਰ ਦਿੱਤਾ ਹੈ, ਉਹ ਏਨੀ ਕੁ ਕੁੜੱਤਣ ਤੋਂ ਬਿਨਾਂ ਇਸ ਲਿਖਤ ਨੂੰ ਪੜ੍ਹ ਹੀ ਨਹੀਂ ਸਕਦੇ। ਸਾਮਰਾਜੀ-ਸਰਮਾਏਦਾਰੀ ਲੀਹਾਂ 'ਤੇ ਹੋਏ ਆਰਥਕ ਵਿਕਾਸ ਨੇ ਜਿਵੇਂ ਸਮੁੱਚੇ ਪੰਜਾਬ ਨੂੰ ਵਹਿਸ਼ਤ ਦੀ ਭੱਠੀ ਵਿੱਚ ਝੋਕਿਆ ਹੈ, ਉਸ ਦਾ ਅਹਿਸਾਸ ਕਰਕੇ ਹੀ ਆਮ ਮਨੁੱਖ ਕੰਬ ਜਾਂਦਾ ਹੈ। ਇਸ ਤਰਜ ਦੇ ਵਿਕਾਸ ਨੇ ਨਾ ਸਿਰਫ ਪੰਜਾਬ ਦੇ ਕੁਦਰਤੀ ਸੋਮਿਆਂ ਦਾ ਉਜਾੜਾ ਕੀਤਾ ਹੈ ਸਗੋਂ ਪੰਜਾਬ ਦੇ ਮਿਹਨਤੀ ਲੋਕਾਂ ਨੂੰ ਉਨ੍ਹਾਂ ਦੀ ਮਿੱਟੀ ਤੋਂ ਉਖਾੜ ਕੇ, ਉਨ੍ਹਾਂ ਨੂੰ ਨਸ਼ੇਖੋਰੀ, ਤਣਾਅ, ਉਨੀਂਦਰੇ ਵਰਗੇ ਮਾਨਸਿਕ ਰੋਗ ਤੇ ਕੈਂਸਰ, ਏਡਜ਼, ਸ਼ੂਗਰ ਅਤੇ ਦਿਲ-ਦੌਰੇ ਵਰਗੀਆਂ ਅਨੇਕਾਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਬਣਾਇਆ ਹੈ। ਪਰ ਅਜੇ ਤੱਕ ਵੀ ਡਾ. ਸੁੱਚਾ ਸਿੰਘ ਗਿੱਲ ਵਰਗੇ ਅਖੌਤੀ 'ਖੱਬੇ ਪੱਖੀ' ਬੁੱਧੀਜੀਵੀ ਇਸੇ ਤਰਜ ਦੇ ਵਿਕਾਸ ਦੀ ਵਕਾਲਤ ਕਰ ਰਹੇ ਹਨ।



ਗੁਰਬਚਨ ਸਿੰਘ
ਸੰਪਾਦਕ
ਦੇਸ਼ ਪੰਜਾਬ, ਜਲੰਧਰ

ਡਾ. ਸੁੱਚਾ ਸਿੰਘ ਦੇ ਕਹਿਣ ਅਨੁਸਾਰ : 'ਇਕ ਸਮੇਂ ਦੇਸ ਵਿਚ ਵਿਕਾਸ ਦਾ ਮਾਡਲ ਕਿਹਾ ਜਾਣ ਵਾਲਾ ਸੂਬਾ ਅੱਜ ਆਪਣੇ ਆਪ ਵਿਚ ਉਖੜਿਆ ਪਿਆ ਹੈ।'

ਜਿਹੜਾ ਪੰਜਾਬ 1950-51 ਵਿਚ ਪ੍ਰਤੀ ਵਿਅਕਤੀ ਆਮਦਨ ਪੱਖੋਂ ਦੇਸ ਅੰਦਰ ਪੱਛਮੀ ਬੰਗਾਲ ਤੋਂ ਬਾਅਦ ਦੋ ਨੰਬਰ 'ਤੇ ਸੀ ਅਤੇ 1960-61 ਵਿਚ ਮਹਾਂਰਾਸ਼ਟਰ ਅਤੇ ਗੁਜਰਾਤ ਤੋਂ ਬਾਅਦ ਚੌਥੇ ਨੰਬਰ 'ਤੇ ਚਲਾ ਗਿਆ ਸੀ, ਉਹ 1964-65 ਵਿਚ ਸਭ ਨੂੰ ਪਿੱਛੇ ਛੱਡ ਗਿਆ ਅਤੇ ਨੰਬਰ ਇਕ ਸੂਬਾ ਬਣ ਗਿਆ। 'ਦੇਸ ਦੇ ਵੱਡੇ ਸੂਬਿਆਂ ਵਿਚੋਂ ਪੰਜਾਬ ਨੇ ਆਪਣੀ ਨੰਬਰ ਇਕ ਪੁਜ਼ੀਸ਼ਨ 1991-92 ਤੱਕ ਬਣਾਈ ਰੱਖੀ।' ਪਰ ਇਸ ਤੋਂ ਬਾਅਦ ਇਹ ਲਗਾਤਾਰ ਪਛੜਦਾ ਗਿਆ।

'1990-91 ਤੋਂ 2000-01 ਤੱਕ ਜਦੋਂ ਦੇਸ ਦੇ ਵਿਕਾਸ ਦੀ ਦਰ 6 ਪ੍ਰਤੀਸ਼ਤ ਸਾਲਾਨਾ ਵਧ ਗਈ ਤਾਂ ਪੰਜਾਬ ਦੇ ਵਿਕਾਸ ਦੀ ਦਰ ਘਟ ਕੇ 4.5 ਪ੍ਰਤੀਸ਼ਤ ਹੋ ਗਈ।' 'ਤੇਜ਼ੀ ਨਾਲ ਵਿਕਾਸ ਕਰ ਰਹੇ ਸੂਬੇ ਪੰਜਾਬ ਤੋਂ ਅੱਗੇ ਨਿਕਲਣ ਲੱਗ ਪਏ।'

'ਪੰਜਾਬ ਸਿਰਫ ਪ੍ਰਤੀ ਵਿਅਕਤੀ ਆਮਦਨ ਵਿਚ ਹੀ ਪਿੱਛੇ ਨਹੀਂ ਰਹਿ ਰਿਹਾ ਸਗੋਂ ਵਿੱਦਿਆ ਅਤੇ ਸਿਹਤ ਦੇ ਮਾਮਲੇ ਵਿਚ ਵੀ ਸੂਬੇ ਦੀ ਹਾਲਤ ਚੰਗੀ ਨਹੀਂ।' 'ਬੱਚੇ ਜੋ ਵਿੱਦਿਆ ਲੈ ਰਹੇ ਹਨ, ਉਸ ਦੀ ਗੁਣਵਤਾ ਕਾਫੀ ਮਾੜੀ ਹੈ'। 'ਪੰਜਾਬ ਸਭ ਤੋਂ ਵੱਧ ਕੁੜੀ-ਮਾਰ ਰਾਜਾਂ ਵਿਚ ਆਉਂਦਾ ਹੈ। ਜਿੰਨੇ ਵਧ ਪੜ੍ਹੇ-ਲਿਖੇ ਅਤੇ ਅਮੀਰ ਲੋਕ ਹਨ, ਓਨੇ ਹੀ ਵੱਧ ਕੁੜੀ-ਮਾਰ ਹਨ।'

'ਪੰਜਾਬ ਦੇ ਪੱਛੜ ਜਾਣ ਦੇ ਨਾਲ-ਨਾਲ ਰੁਜ਼ਗਾਰ ਦੀਆਂ ਸੰਭਾਵਨਾਵਾਂ ਘਟ ਗਈਆਂ ਹਨ। ਇਸ ਕਰਕੇ ਨੌਜਵਾਨਾਂ ਦੀ ਵੱਡੀ ਗਿਣਤੀ ਖਾਸ ਕਰਕੇ ਪੜ੍ਹੇ ਲਿਖੇ ਨੌਜਵਾਨ ਸੂਬਾ ਛੱਡ ਕੇ ਦੇਸਾਂ-ਬਿਦੇਸਾਂ ਵਿਚ ਜਾ ਰਹੇ ਹਨ। ਖੇਤੀ ਵਿਚ ਮਸ਼ੀਨੀਕਰਨ ਨੇ ਲੋਕਾਂ ਨੂੰ ਵਿਹਲੇ ਕਰ ਦਿੱਤਾ ਹੈ।'

'ਆਮਦਨ ਅਤੇ ਮਨੁੱਖੀ ਵਿਕਾਸ ਵਿਚ ਪੱਛੜਣ ਨਾਲ ਪੰਜਾਬ ਦੇ ਪੇਂਡੂ ਖੇਤਰ ਹੀ ਵੱਡੀ ਮਾਰ ਝੱਲ ਰਹੇ ਹਨ। ਪੰਜਾਬੀ ਯੂਨੀਵਰਸਿਟੀ ਵੱਲੋਂ ਕਰਵਾਏ ਅਧਿਐਨਾਂ ਅਨੁਸਾਰ ਪੇਂਡੂਆਂ ਦੀ ਯੂਨੀਵਰਸਿਟੀਆਂ ਦੇ ਕੈਂਪਸਾਂ ਵਿਚ ਪ੍ਰਤੀਸ਼ਤਤਾ ਸਿਰਫ 4.07 ਹੈ ਅਤੇ ਕਿੱਤਾ-ਮੁਖੀ ਵਿੱਦਿਆ ਵਿਚ ਸਿਰਫ 3.71 ਹੈ। ਇਸ ਕਰਕੇ ਮੌਜੂਦਾ ਆਰਥਕ ਦਸ਼ਾ ਅਤੇ ਦਿਸ਼ਾ ਦੀ ਜ਼ਿਆਦਾ ਮਾਰ ਪੇਂਡੂ ਖੇਤਰ 'ਤੇ ਪੈ ਰਹੀ ਹੈ। ਵੈਸੇ ਵੀ ਖੇਤੀ ਵਿਚ ਖੜੋਤ ਕਾਰਨ ☛(ਬਾਕੀ ਸਫਾ 2 'ਤੇ)